Punjabi | ਪੰਜਾਬੀ

Chemist Care Now


# GP ਕੋਲ ਜਾਣ ਦੀ ਲੋੜ ਤੋਂ ਬਿਨਾਂ ਆਪਣਾ ਲੋੜੀਂਦਾ ਇਲਾਜ ਕਰਵਾਓ

## ਜਨੇਊ ਰੋਗ (ਸ਼ਿੰਗਲਜ਼) ਦਾ ਇਲਾਜ


ਜੇਕਰ ਤੁਹਾਡੇ ਵਿੱਚ ਹੇਠ ਲਿਖੇ ਲੱਛਣਾਂ ਵਿੱਚੋਂ ਕੋਈ ਹੈ, ਤਾਂ ਤੁਹਾਨੂੰ ਜਨੇਊ ਰੋਗ ਹੋ ਸਕਦਾ ਹੈ:

- ਦਰਦ ਕਰਦੇ ਛਾਲਿਆ ਵਾਲੇ ਧੱਫੜ
- ਚਮੜੀ 'ਤੇ ਝਰਨਾਹਟ ਜਾਂ ਸੜਨ ਦਾ ਅਹਿਸਾਸ।

ਜੇਕਰ ਤੁਹਾਡੀ ਉਮਰ 18 ਸਾਲ ਅਤੇ ਇਸ ਤੋਂ ਵੱਧ ਹੈ, ਤਾਂ ਤੁਸੀਂ ਕੈਮਿਸਟ ਤੋਂ ਇਲਾਜ ਕਰਵਾ ਸਕਦੇ ਹੋ।



## ਪਿਸ਼ਾਬ ਨਾਲੀ ਦੇ ਇਨਫੈਕਸ਼ਨ (UTIs) ਲਈ ਇਲਾਜ।




ਜੇਕਰ ਤੁਹਾਨੂੰ ਹੇਠ ਲਿਖੇ ਲੱਛਣਾਂ ਵਿੱਚੋਂ ਕੋਈ ਹੈ, ਤਾਂ ਤੁਹਾਨੂੰ ਪਿਸ਼ਾਬ ਨਾਲੀ ਦਾ ਇਨਫੈਕਸ਼ਨ ਹੋ ਸਕਦਾ ਹੈ:

- ਪਿਸ਼ਾਬ ਕਰਦੇ ਸਮੇਂ ਸੜਨ ਜਾਂ ਚੁਭਣ ਮਹਿਸੂਸ ਕਰਨਾ
- ਵਾਰ-ਵਾਰ ਪਿਸ਼ਾਬ ਕਰਨ ਦੀ ਜ਼ਰੂਰਤ ਮਹਿਸੂਸ ਕਰਨਾ ਜਾਂ ਪਿਸ਼ਾਬ ਕਰਨ ਤੋਂ ਬਾਅਦ ਵੀ ਬਲੈਡਰ ਭਰਿਆ ਹੋਇਆ ਮਹਿਸੂਸ ਹੋਣਾ।

ਜੇਕਰ ਤੁਸੀਂ ਔਰਤ ਹੋ ਅਤੇ 16-65 ਸਾਲ ਦੀ ਉਮਰ ਦੇ ਵਿਚਕਾਰ ਹੋ, ਤਾਂ ਤੁਸੀਂ ਕੈਮਿਸਟ ਤੋਂ ਇਲਾਜ ਕਰਵਾ ਸਕਦੇ ਹੋ।


## ਹਲਕੇ ਪਲੇਕ ਸੋਰਾਇਸਿਸ (mild plaque psoriasis) ਦੇ ਫਲੇਅਰ-ਅੱਪ ਦਾ ਇਲਾਜ

ਜੇਕਰ ਤੁਹਾਡੀ ਉਮਰ 18 ਸਾਲ ਅਤੇ ਇਸ ਤੋਂ ਵੱਧ ਹੈ ਅਤੇ ਤੁਹਾਨੂੰ ਇਸ ਸਮੇਂ ਹਲਕੇ ਪਲੇਕ ਸੋਰਾਇਸਿਸ ਦੇ ਰੋਗ ਦਾ ਫਲੇਅਰ-ਅੱਪ ਹੈ, ਤਾਂ ਤੁਸੀਂ ਆਪਣੀ ਕਰੀਮ ਜਾਂ ਮੱਲ੍ਹਮ ਦੀ ਦੁਬਾਰਾ ਸਪਲਾਈ ਕੈਮਿਸਟ ਤੋਂ ਲੈ ਸਕਦੇ ਹੋ।



## ਖਾਧੀ ਜਾਣ ਵਾਲੀ ਗਰਭ-ਨਿਰੋਧਕ ਗੋਲੀ ਦੋਬਾਰਾ ਲੈਣਾ

ਜੇਕਰ ਤੁਹਾਡੀ ਉਮਰ 16-50 ਸਾਲ ਹੈ ਅਤੇ ਤੁਸੀਂ ਵਰਤਮਾਨ ਵਿੱਚ ਖਾਧੀ ਜਾਣ ਵਾਲੀ ਗਰਭ ਨਿਰੋਧਕ ਗੋਲੀ ਲੈ ਰਹੇ ਹੋ, ਤਾਂ ਫਾਰਮਾਸਿਸਟ ਨਾਲ ਗੱਲ ਕਰੋ ਕਿ ਕੀ ਤੁਹਾਨੂੰ ਦੁਬਾਰਾ ਸਪਲਾਈ ਮਿਲ ਸਕਦੀ ਹੈ।



## ਯਾਤਰਾ ਅਤੇ ਟੀਕੇ

ਜੇਕਰ ਤੁਸੀਂ ਵਿਦੇਸ਼ ਯਾਤਰਾ ਕਰ ਰਹੇ ਹੋ ਜਾਂ ਤੁਹਾਨੂੰ ਕੋਈ ਪਬਲਿਕ ਹੈਲਥ ਟੀਕਾ ਲਗਵਾਉਣ ਦੀ ਲੋੜ ਹੈ, ਤਾਂ ਭਾਗ ਲੈਣ ਵਾਲੇ ਕੈਮਿਸਟ ਕਈ ਕਿਸਮ ਦੇ ਵੱਖ-ਵੱਖ ਯਾਤਰਾ ਟੀਕੇ ਲਗਾ ਸਕਦੇ ਹਨ, ਜਿਵੇਂ ਕਿ ਹੈਪਾਟਾਈਟਿਸ A, ਹੈਪਾਟਾਈਟਿਸ B, ਪੋਲਿਓਮਾਇਲਾਈਟਿਸ ਅਤੇ ਟਾਇਫਾਇਡ ਦੇ ਟੀਕੇ (5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ)।



ਆਪਣੇ ਨੇੜੇ ਦੇ ਭਾਗ ਲੈਣ ਵਾਲੇ ਕੈਮਿਸਟ ਨੂੰ ਲੱਭਣ ਅਤੇ ਉਪਲਬਧ ਇਲਾਜ ਦੇਖਣ ਲਈ, ਇੱਥੇ ਜਾਓ:

**chemistcarenow.vic.gov.au**

Chemist Care Now ਕਮਿਊਨਿਟੀ ਫਾਰਮਾਸਿਸਟ ਪ੍ਰੋਗਰਾਮ ਦਾ ਹਿੱਸਾ ਹੈ, ਜਿਸਨੂੰ ਵਿਕਟੋਰੀਆ ਸਰਕਾਰ ਵੱਲੋਂ ਸਮਰਥਨ ਪ੍ਰਾਪਤ ਹੈ।

VICTORIA State Government